[*ਚੈਰਿਟੀ ਕਮਿਸ਼ਨ* ]

| English | Punjabi |
|---|---|
| TRUSTEES &<br>GOVERNANCE | ਟ੍ਰਸਟੀ ਅਤੇ ਪ੍ਰਬੰਧਨ |
| **The Essential<br>Trustee** | **ਲਾਜ਼ਮੀ ਟ੍ਰਸਟੀ** |
| An introduction | ਜਾਣ-ਪਛਾਣ |
| **A welcome from the Chair and Chief Executive of the Charity Commission** | **ਚੈਰਿਟੀ ਕਮਿਸ਼ਨ ਦੇ ਮੁਖੀ ਅਤੇ ਮੁੱਖ ਪ੍ਰਬੰਧਕ ਵਲੋਂ ਸੁਆਗਤ** |
| You are probably reading this because you have just become, or are about to become, a charity trustee. If so, we welcome you and congratulate you. Your skills and energy will help to make a difference to your chosen charity. | ਤੁਸੀਂ ਇਸਨੂੰ ਸ਼ਾਇਦ ਇਸ ਲਈ ਪੜ੍ਹ ਰਹੇ ਹੋ, ਕਿਉਂਕਿ ਤੁਸੀਂ ਹੁਣੇ-ਹੁਣੇ ਇੱਕ ਚੈਰਿਟੀ ਟ੍ਰਸਟੀ ਬਣੇ ਹੋ ਜਾਂ ਬਣਨ ਵਾਲੇ ਹੋ। ਜੇ ਇਸ ਤਰ੍ਹਾਂ ਹੈ, ਤਾਂ ਅਸੀਂ ਤੁਹਾਡਾ ਸੁਆਗਤ ਕਰਦੇ ਹਾਂ ਅਤੇ ਤੁਹਾਨੂੰ ਵਧਾਈ ਦਿੰਦੇ ਹਾਂ। ਤੁਹਾਡੀਆਂ ਮੁਹਾਰਤਾਂ ਅਤੇ ਜੋਸ਼ ਤੁਹਾਡੀ ਚੁਣੀ ਹੋਈ ਚੈਰਿਟੀ ਵਿੱਚ ਫ਼ਰਕ ਪੈਦਾ ਕਰਨ ਵਿੱਚ ਮਦਦ ਕਰਨਗੇ। |
| You will become responsible for the charity's aims and direction, for its property, finances and the employment of any staff or volunteers. Without good and committed trustees, no charity can hope to succeed. | ਤੁਸੀਂ ਚੈਰਿਟੀ ਦੇ ਟੀਚਿਆਂ ਅਤੇ ਦਿਸ਼ਾ, ਇਸਦੀ ਸੰਪਤੀ, ਵਿੱਤ ਅਤੇ ਕਿਸੇ ਕਰਮਚਾਰੀ ਜਾਂ ਸਵੈਸੇਵਕਾਂ ਦੀ ਭਰਤੀ ਦੇ ਲਈ ਜ਼ਿੰਮੇਵਾਰ ਹੋਵੋਗੇ। ਚੰਗੇ ਅਤੇ ਵਚਨਬੱਧ ਟ੍ਰਸਟੀਆਂ ਤੋਂ ਬਿਨਾਂ, ਕੋਈ ਵੀ ਚੈਰਿਟੀ ਸਫਲ ਹੋਣ ਦੀ ਉਮੀਦ ਨਹੀਂ ਕਰ ਸਕਦੀ। |
| We would like to wish you well as a trustee, and hope that you will gain real satisfaction from making a contribution to society. The Charity Commission exists to regulate charities and protect their reputation. We are here to help and advise you and your colleagues. | ਅਸੀਂ ਤੁਹਾਨੂੰ ਇੱਕ ਟ੍ਰਸਟੀ ਦੇ ਰੂਪ ਵਿੱਚ ਸ਼ੁਭਕਾਮਨਾ ਦੇਣੀ ਚਾਹਵਾਂਗੇ, ਅਤੇ ਉਮੀਦ ਕਰਦੇ ਹਾਂ ਕਿ ਤੁਸੀਂ ਸਮਾਜ ਵਿੱਚ ਯੋਗਦਾਨ ਪਾ ਕੇ ਅਸਲ ਤਸੱਲੀ ਹਾਸਲ ਕਰੋਗੇ। ਚੈਰਿਟੀ ਕਮਿਸ਼ਨ ਦਾ ਕੰਮ ਹੈ, ਚੈਰਿਟੀਆਂ ਨੂੰ ਨਿਯੰਤ੍ਰਿਤ ਕਰਨਾ ਅਤੇ ਉਨ੍ਹਾਂ ਦੇ ਮਾਨ ਦੀ ਰਾਖੀ ਕਰਨੀ। ਅਸੀਂ ਤੁਹਾਨੂੰ ਅਤੇ ਤੁਹਾਡੇ ਸਾਥੀਆਂ ਨੂੰ ਮਦਦ ਅਤੇ ਸਲਾਹ ਦੇਣ ਲਈ ਹਾਂ। |

| | |
|---|---|
| This booklet sets out a summary of your new responsibilities and<br>duties, and also how you can get support and assistance from us<br>and from other organisations. | ਇਹ ਕਿਤਾਬਚਾ ਤੁਹਾਡੀਆਂ ਨਵੀਆਂ ਜ਼ਿੰਮੇਵਾਰੀਆਂ ਅਤੇ ਫ਼ਰਜ਼ਾਂ ਦਾ ਸਾਰ ਦੱਸਦਾ ਹੈ, ਅਤੇ ਇਹ ਵੀ ਦੱਸਦਾ ਹੈ ਕਿ ਤੁਸੀਂ ਸਾਡੇ ਤੋਂ ਅਤੇ ਦੂਜੇ ਸੰਗਠਨਾਂ ਤੋਂ ਹਿਮਾਇਤ ਅਤੇ ਸਹਾਇਤਾ ਕਿਵੇਂ ਲੈ ਸਕਦੇ ਹੋ। |
| In this booklet, where we use 'must' we mean it is a specific legal<br>or regulatory requirement affecting trustees or a charity. To help you<br>easily identify a legal or regulatory requirement we have used<br>the symbol. We use 'should' for items we regard as minimum<br>good practice, but for which there is no specific legal requirement.<br>Trustees should follow the good practice guidance unless there's a<br>good reason not to. | ਇਸ ਕਿਤਾਬਚੇ ਵਿੱਚ, ਜਿੱਥੇ ਅਸੀਂ ਜ਼ਰੂਰੀ ਸ਼ਬਦ ਵਰਤਦੇ ਹਾਂ, ਉਸ ਦਾ ਅਰਥ ਹੈ ਕਿ ਇਹ ਟ੍ਰਸਟੀਆਂ ਜਾਂ ਕਿਸੇ ਚੈਰਿਟੀ ਨੂੰ ਪ੍ਰਭਾਵਿਤ ਕਰਨ ਵਾਲੀ ਕਾਨੂੰਨੀ ਜਾਂ ਨਿਯਮਾਂ ਸੰਬੰਧੀ ਲੋੜ ਹੈ। ਕਿਸੇ ਕਾਨੂੰਨੀ ਜਾਂ ਨਿਯਮਾਂ ਸੰਬੰਧੀ ਲੋੜ ਨੂੰ ਅਸਾਨੀ ਨਾਲ ਪਛਾਣਨ ਲਈ ਅਸੀਂ L ਚਿੰਨ੍ਹਾਂ ਦੀ ਵਰਤੋਂ ਕੀਤੀ ਹੈ। ਅਸੀਂ ਉਨ੍ਹਾਂ ਗੱਲਾਂ ਲਈ 'ਚਾਹੀਦਾ' ਵਰਤਦੇ ਹਾਂ, ਜਿਨ੍ਹਾਂ ਨੂੰ ਅਸੀਂ ਘੱਟੋ-ਘੱਟ ਚੰਗੇ ਤਰੀਕੇ ਸਮਝਦੇ ਹਾਂ, ਪਰ ਜਿਨ੍ਹਾਂ ਲਈ ਕੋਈ ਵਿਸ਼ੇਸ਼ ਕਾਨੂੰਨੀ ਲੋੜ ਨਹੀਂ ਹੈ। ਟ੍ਰਸਟੀਆਂ ਨੂੰ ਕੰਮ ਕਰਨ ਦੇ ਚੰਗੇ ਤਰੀਕਿਆਂ ਦੇ ਮਾਰਗਦਰਸ਼ਨ ਦੀ ਪਾਲਣਾ ਕਰਨੀ ਚਾਹੀਦੀ ਹੈ, ਜਦ ਤਕ ਕਿ ਅਜਿਹਾ ਨਾ ਕਰਨ ਦਾ ਕੋਈ ਚੰਗਾ ਕਾਰਨ ਨਾ ਹੋਵੇ। |
| **Dame Suzi Leather**<br>**Chair** | **ਡੇਮ ਸੂਜ਼ੀ ਲੈਦਰ (Dame Suzi Leather) ਮੁਖੀ** |
| **Andrew Hind**<br>**Chief Executive** | **ਐਨਡ੍ਰਿਊ ਹਿੰਦ (Andrew Hind) ਮੁੱਖ ਪ੍ਰਬੰਧਕ** |
| **Who are charity trustees?** | **ਚੈਰਿਟੀ ਦੇ ਟ੍ਰਸਟੀ ਕੌਣ ਹੁੰਦੇ ਹਨ?** |
| Charity trustees are the people who form the governing body of a<br>charity. They may be known as trustees, directors, board members,<br>governors or committee members. Trustees are responsible for<br>controlling the management and administration of a charity. The<br>great majority of trustees serve as volunteers, and receive no<br>payment (other than to repay necessary out-of-pocket expenses<br>incurred). Trustees should work together as a team, and have<br>collective responsibility for their charity. | ਚੈਰਿਟੀ ਦੇ ਟ੍ਰਸਟੀ ਉਹ ਲੋਕ ਹੁੰਦੇ ਹਨ, ਜੋ ਚੈਰਿਟੀ ਦੀ ਪ੍ਰਬੰਧਕੀ ਸੰਸਥਾ ਦਾ ਹਿੱਸਾ ਹੁੰਦੇ ਹਨ। ਉਨ੍ਹਾਂ ਨੂੰ ਟ੍ਰਸਟੀ, ਡਾਇਰੈਕਟਰ, ਬੋਰਡ ਮੈਂਬਰ, ਗਵਰਨਰ ਜਾਂ ਕਮੇਟੀ ਮੈਂਬਰਾਂ ਦੇ ਰੂਪ ਵਿੱਚ ਜਾਣਿਆ ਜਾ ਸਕਦਾ ਹੈ। ਟ੍ਰਸਟੀ, ਕਿਸੇ ਚੈਰਿਟੀ ਦੇ ਸੰਚਾਲਨ ਅਤੇ ਪ੍ਰਬੰਧ ਨੂੰ ਨਿਯੰਤ੍ਰਿਤ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ। ਜ਼ਿਆਦਾਤਰ ਟ੍ਰਸਟੀ ਸਵੈਸੇਵਕਾਂ ਦੇ ਰੂਪ ਵਿੱਚ ਕੰਮ ਕਰਦੇ ਹਨ, ਅਤੇ ਉਨ੍ਹਾਂ ਨੂੰ ਕੋਈ ਭੁਗਤਾਨ ਨਹੀਂ ਮਿਲਦਾ (ਜੇਬ ਵਿੱਚੋਂ ਹੋਏ ਖ਼ਰਚਿਆਂ ਦੇ ਜ਼ਰੂਰੀ ਵਾਪਸੀ ਭੁਗਤਾਨ ਤੋਂ ਇਲਾਵਾ)। ਟ੍ਰਸਟੀਆਂ ਨੂੰ ਮਿਲ ਕੇ ਇੱਕ ਟੀਮ ਦੇ ਰੂਪ ਵਿੱਚ ਕੰਮ ਕਰਨਾ ਚਾਹੀਦਾ ਹੈ, ਅਤੇ ਚੈਰਿਟੀ ਲਈ ਉਨ੍ਹਾਂ ਦੀ ਸੰਯੁਕਤ ਜ਼ਿੰਮੇਵਾਰੀ ਹੁੰਦੀ ਹੈ। |
| Being a trustee can be hard work, but by contributing you should<br>also gain. Trusteeship should be rewarding, providing opportunities<br>for personal development. As you give your skills to the running of<br>your charity, you will at the same time gather new skills and<br>experience. | ਇੱਕ ਟ੍ਰਸਟੀ ਬਣਨਾ ਸਖ਼ਤ ਮਿਹਨਤ ਦਾ ਕੰਮ ਹੋ ਸਕਦਾ ਹੈ, ਪਰ ਯੋਗਦਾਨ ਦੇਣ ਨਾਲ ਤੁਹਾਨੂੰ ਵੀ ਕੁਝ ਪ੍ਰਾਪਤ ਹੋਣਾ ਚਾਹੀਦਾ ਹੈ। ਟ੍ਰਸਟੀ ਬਣਨਾ ਲਾਹੇਵੰਦ ਅਤੇ ਨਿੱਜੀ ਵਿਕਾਸ ਲਈ ਮੌਕੇ ਮੁਹੱਈਆ ਕਰਨ ਵਾਲਾ ਹੋਣਾ ਚਾਹੀਦਾ ਹੈ। ਜਿਵੇਂ-ਜਿਵੇਂ ਤੁਸੀਂ ਚੈਰਿਟੀ ਨੂੰ ਚਲਾਉਣ ਲਈ ਆਪਣੀਆਂ ਮੁਹਾਰਤਾਂ ਦਵੋਗੇ, ਇਸਦੇ ਨਾਲ-ਨਾਲ ਤੁਸੀਂ ਨਵੀਆਂ ਮੁਹਾਰਤਾਂ ਅਤੇ ਅਨੁਭਵ ਵੀ ਹਾਸਲ ਕਰੋਗੇ। |

| **What are the duties of trustees?** | **ਟ੍ਰਸਟੀਆਂ ਦੇ ਕੀ ਫ਼ਰਜ਼ ਹਨ?** |
|---|---|
| **Trustees have, and must accept, ultimate responsibility for directing the affairs of their charity, ensuring that it is solvent and well-run, and delivering the charitable outcomes for the benefit of the public for which it was set up. You need to keep in mind the following areas of responsibility.** | ਟ੍ਰਸਟੀਆਂ ਕੋਲ, ਇਹ ਯਕੀਨੀ ਬਣਾਉਂਦੇ ਹੋਏ ਕਿ ਚੈਰਿਟੀ ਸੰਪੰਨ ਹੋਵੇ ਅਤੇ ਚੰਗੀ ਤਰ੍ਹਾਂ ਨਾਲ ਚਲਾਈ ਜਾਵੇ, ਅਤੇ ਉਸ ਪਬਲਿਕ ਦੇ ਫ਼ਾਇਦੇ ਲਈ, ਜਿਸਦੇ ਲਈ ਇਸਨੂੰ ਸਥਾਪਿਤ ਕੀਤਾ ਗਿਆ ਸੀ, ਚੈਰਿਟੀ ਨਾਲ ਸੰਬੰਧਿਤ ਨਤੀਜੇ ਮੁਹੱਈਆ ਕਰਦੇ ਹੋਏ, ਆਪਣੀ ਚੈਰਿਟੀ ਦੇ ਮਾਮਲਿਆਂ ਨੂੰ ਨਿਰਦੇਸ਼ਿਤ ਕਰਨ ਦੀ ਸਭ ਤੋਂ ਵੱਧ ਜ਼ਿੰਮੇਵਾਰੀ ਹੁੰਦੀ ਹੈ, ਅਤੇ ਉਨ੍ਹਾਂ ਨੂੰ ਇਹ ਜ਼ਰੂਰ ਸਵੀਕਾਰ ਕਰਨੀ ਚਾਹੀਦੀ ਹੈ। ਤੁਹਾਨੂੰ ਜ਼ਿੰਮੇਵਾਰੀ ਦੇ ਹੇਠ ਲਿਖੇ ਖੇਤਰਾਂ ਨੂੰ ਧਿਆਨ ਵਿੱਚ ਰੱਖਣ ਦੀ ਲੋੜ ਹੈ। |
| Ensuring compliance – Trustees must ensure that their charity complies with: | ਪਾਲਣਾ ਨੂੰ ਯਕੀਨੀ ਬਣਾਉਣਾ - ਟ੍ਰਸਟੀਆਂ ਨੂੰ ਇਹ ਜ਼ਰੂਰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਚੈਰਿਟੀ ਹੇਠ ਲਿਖਿਆਂ ਦੀ ਪਾਲਣਾ ਕਰਦੀ ਹੈ: |
| • Charity law, and the requirements of the Charity Commission as regulator; in particular you must ensure that the charity prepares reports on its work, and submits annual returns and accounts as required by law. You can find more information in our publication *The Hallmarks of an Effective Charity* (CC60). | ਚੈਰਿਟੀ ਦਾ ਕਾਨੂੰਨ, ਅਤੇ ਰੈਗੂਲੇਟਰ ਦੇ ਰੂਪ ਵਿੱਚ ਚੈਰਿਟੀ ਕਮਿਸ਼ਨ ਦੀਆਂ ਲੋੜਾਂ; ਖ਼ਾਸ ਕਰਕੇ ਤੁਹਾਨੂੰ ਇਹ ਜ਼ਰੂਰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਚੈਰਿਟੀ ਆਪਣੇ ਕੰਮ ਬਾਰੇ ਰਿਪੋਰਟ ਤਿਆਰ ਕਰਦੀ ਹੈ, ਅਤੇ ਕਾਨੂੰਨ ਦੀ ਲੋੜ ਅਨੁਸਾਰ ਸਲਾਨਾ ਰਿਟਰਨ ਅਤੇ ਅਕਾਉਂਟ ਜਮ੍ਹਾਂ ਕਰਦੀ ਹੈ। ਤੁਹਾਨੂੰ ਵਧੇਰੇ ਜਾਣਕਾਰੀ ਸਾਡੇ ਪ੍ਰਕਾਸ਼ਨ *ਇੱਕ ਪ੍ਰਭਾਵਸ਼ਾਲੀ ਚੈਰਿਟੀ ਦੀਆਂ ਵਿਸ਼ੇਸ਼ਤਾਵਾਂ (The Hallmarks of an Effective Charity)* (CC60) ਵਿੱਚ ਮਿਲ ਸਕਦੀ ਹੈ। |
| • The requirements or rules, and the charitable purpose and objects, set out in the charity's own governing document. All trustees should have a copy of this document, and be familiar with it. | ਲੋੜਾਂ ਜਾਂ ਨਿਯਮ, ਅਤੇ ਚੈਰਿਟੀ ਸੰਬੰਧੀ ਉਦੇਸ਼ ਅਤੇ ਟੀਚੇ, ਜੋ ਕਿ ਚੈਰਿਟੀ ਦੇ ਆਪਣੇ ਪ੍ਰਬੰਧਕੀ ਦਸਤਾਵੇਜ਼ ਵਿੱਚ ਨਿਸ਼ਚਿਤ ਕੀਤੇ ਗਏ ਹਨ। ਸਾਰੇ ਟ੍ਰਸਟੀਆਂ ਕੋਲ ਇਸ ਦਸਤਾਵੇਜ਼ ਦੀ ਇੱਕ ਕਾਪੀ ਹੋਣੀ ਚਾਹੀਦੀ ਹੈ, ਅਤੇ ਉਹ ਇਸ ਤੋਂ ਜਾਣੂ ਹੋਣੇ ਚਾਹੀਦੇ ਹਨ। |
| • The requirements of other legislation and other regulators (if any) which govern the activities of the charity; these will vary according to the type of work the charity carries out, and whether it employs staff or volunteers. | ਹੋਰ ਕਾਨੂੰਨ ਅਤੇ ਚੈਰਿਟੀ ਦੀਆਂ ਗਤੀਵਿਧੀਆਂ ਦਾ ਪ੍ਰਬੰਧ ਕਰਨ ਵਾਲੇ ਹੋਰ ਰੈਗੂਲੇਟਰਾਂ (ਜੇ ਕੋਈ ਹੋਣ) ਦੀਆਂ ਲੋੜਾਂ; ਇਹ ਚੈਰਿਟੀ ਵਲੋਂ ਕੀਤੇ ਜਾਣ ਵਾਲੇ ਕੰਮ ਦੀ ਕਿਸਮ, ਅਤੇ ਇਸ ਗੱਲ ਦੇ ਮੁਤਾਬਕ ਵੱਖ-ਵੱਖ ਹੋਣਗੀਆਂ, ਕਿ ਕੀ ਇਹ ਕਰਮਚਾਰੀ ਨਿਯੁਕਤ ਕਰਦੀ ਹੈ ਜਾਂ ਸਵੈਸੇਵਕ। |

| | |
|---|---|
| • The requirement for trustees to act with integrity, and avoid any personal conflicts of interest or misuse of charity funds or assets. You should check the charity's governing document for provisions relating to conflicts of interest, and you can find more information in our website guidance on conflicts of interest and in our publication *Payment of Charity Trustees* (CC11). | ਟ੍ਰਸਟੀਆਂ ਦੇ ਲਈ ਇਮਾਨਦਾਰੀ ਦੇ ਨਾਲ ਕੰਮ ਕਰਨ, ਅਤੇ ਹਿਤਾਂ ਦੇ ਕਿਸੇ ਨਿੱਜੀ ਵਿਰੋਧ ਜਾਂ ਚੈਰਿਟੀ ਦੇ ਧਨ ਜਾਂ ਸੰਪਤੀ ਦੀ ਗ਼ਲਤ ਵਰਤੋਂ ਤੋਂ ਬਚਣ ਦੀ ਲੋੜ ਹੈ। ਤੁਹਾਨੂੰ ਹਿਤਾਂ ਦੇ ਵਿਰੋਧ ਨਾਲ ਸੰਬੰਧਿਤ ਪ੍ਰਬੰਧਾਂ ਲਈ ਚੈਰਿਟੀ ਦਾ ਪ੍ਰਬੰਧਕੀ ਦਸਤਾਵੇਜ਼ ਦੇਖਣਾ ਚਾਹੀਦਾ ਹੈ, ਅਤੇ ਤੁਹਾਨੂੰ ਹੋਰ ਜਾਣਕਾਰੀ ਸਾਡੀ ਵੈਬਸਾਈਟ 'ਤੇ ਹਿਤਾਂ ਦੇ ਵਿਰੋਧ ਬਾਰੇ ਸੇਧ ਅਤੇ ਸਾਡੇ ਪ੍ਰਕਾਸ਼ਨ *ਚੈਰਿਟੀ ਟ੍ਰਸਟੀਆਂ ਲਈ ਭੁਗਤਾਨ (Payment of Charity Trustees)*(CC11) ਵਿੱਚ ਮਿਲ ਸਕਦੀ ਹੈ। |
| Duty of prudence – Trustees must: | ਸੂਝਬੂਝ ਦਾ ਫ਼ਰਜ਼ - ਟ੍ਰਸਟੀਆਂ ਲਈ ਜ਼ਰੂਰੀ ਹੈ ਕਿ ਉਹ: |
| • Ensure that the charity is and will remain solvent; this means that you need to keep yourself informed of the charity's activities and financial position. | ਯਕੀਨੀ ਬਣਾਉਣ ਕਿ ਚੈਰਿਟੀ ਸੰਪੰਨ ਹੈ ਅਤੇ ਸੰਪੰਨ ਰਹੇਗੀ; ਇਸਦਾ ਅਰਥ ਹੈ ਕਿ ਤੁਹਾਨੂੰ ਆਪਣੇ ਆਪ ਨੂੰ ਚੈਰਿਟੀ ਦੀਆਂ ਗਤੀਵਿਧੀਆਂ ਅਤੇ ਇਸਦੀ ਮਾਲੀ ਸਥਿਤੀ ਦੇ ਬਾਰੇ ਜਾਣਕਾਰ ਰਹਿਣ ਦੀ ਲੋੜ ਹੈ। |
| • Use charitable funds and assets wisely, and only to further the purposes and interests of the charity. | ਚੈਰਿਟੀ ਵਾਲੇ ਕੰਮ ਨਾਲ ਸੰਬੰਧਿਤ ਧਨ ਅਤੇ ਸੰਪਤੀ ਨੂੰ ਸੂਝਬੂਝ ਨਾਲ, ਅਤੇ ਸਿਰਫ਼ ਚੈਰਿਟੀ ਦੇ ਉਦੇਸ਼ਾਂ ਅਤੇ ਹਿਤਾਂ ਨੂੰ ਅੱਗੇ ਵਧਾਉਣ ਦੇ ਲਈ ਵਰਤਣ। |
| • Avoid undertaking activities that might place the charity's property, funds, assets or reputation at undue risk. | ਅਜਿਹੇ ਕੰਮ ਕਰਨ ਤੋਂ ਬਚਣ, ਜੋ ਚੈਰਿਟੀ ਦੀ ਸੰਪਤੀ ਧਨ, ਸੰਪਤੀ ਜਾਂ ਮਾਨ ਨੂੰ ਗੈਰ-ਲੋੜੀਂਦੇ ਖ਼ਤਰੇ ਵਿੱਚ ਪਾ ਸਕਦੇ ਹਨ। |
| • Take special care when investing the funds of the charity, or borrowing funds for the charity to use. | ਚੈਰਿਟੀ ਦੇ ਧਨ ਨੂੰ ਨਿਵੇਸ਼ ਕਰਦੇ ਸਮੇਂ, ਜਾਂ ਵਰਤਣ ਲਈ ਚੈਰਿਟੀ ਤੋਂ ਧਨ ਉਧਾਰ ਲੈਂਦੇ ਸਮੇਂ ਖ਼ਾਸ ਧਿਆਨ ਰੱਖਣ। |
| Duty of care – Trustees must: | ਦੇਖਭਾਲ ਦਾ ਫ਼ਰਜ਼ - ਟ੍ਰਸਟੀਆਂ ਲਈ ਜ਼ਰੂਰੀ ਹੈ ਕਿ ਉਹ: |
| • Exercise reasonable care and skill as trustees, using personal knowledge and experience to ensure that the charity is well-run and efficient. | ਨਿੱਜੀ ਜਾਣਕਾਰੀ ਅਤੇ ਅਨੁਭਵ ਨੂੰ ਇਹ ਯਕੀਨੀ ਬਣਾਉਣ ਲਈ ਵਰਤਦੇ ਹੋਏ ਕਿ ਚੈਰਿਟੀ ਸਹੀ ਤਰ੍ਹਾਂ ਨਾਲ ਚਲਾਈ ਜਾਂਦੀ ਹੈ ਅਤੇ ਕੁਸ਼ਲ ਹੈ, ਟ੍ਰਸਟੀ ਦੇ ਰੂਪ ਵਿੱਚ ਉਚਿਤ ਧਿਆਨ ਅਤੇ ਮਹਾਰਤ ਵਰਤਣ। |
| • Consider getting external professional advice on all matters where there may be material risk to the charity, or where the trustees may be in breach of their duties. | ਉਨ੍ਹਾਂ ਸਾਰੇ ਮਾਮਲਿਆਂ ਵਿੱਚ, ਜਿੱਥੇ ਚੈਰਿਟੀ ਨੂੰ ਵੱਡਾ ਜੋਖਮ ਹੋ ਸਕਦਾ ਹੈ, ਜਾਂ ਜਿੱਥੇ ਟ੍ਰਸਟੀਆਂ ਵਲੋਂ ਆਪਣੇ ਫ਼ਰਜ਼ਾਂ ਦਾ ਉਲੰਘਣ ਹੋ ਸਕਦਾ ਹੈ, ਬਾਹਰੀ ਪੇਸ਼ਾਵਰ ਸਲਾਹ ਲੈਣ ਬਾਰੇ ਵਿਚਾਰ ਕਰਨ। |

| | |
|---|---|
| To fulfil these responsibilities properly, trustees should make sure that they keep up to date with what the charity is doing. You should give enough time and energy to the business of the charity, and meet regularly enough to make the decisions needed. How this is done will vary between different types and sizes of charity. | ਇਨ੍ਹਾਂ ਜ਼ਿੰਮੇਵਾਰੀਆਂ ਨੂੰ ਸਹੀ ਤਰ੍ਹਾਂ ਨਾਲ ਨਿਭਾਉਣ ਲਈ, ਟ੍ਰਸਟੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਇਸ ਬਾਰੇ ਤਾਜ਼ਾ ਜਾਣਕਾਰੀ ਰੱਖਣ ਕਿ ਚੈਰਿਟੀ ਕੀ ਕਰ ਰਹੀ ਹੈ। ਤੁਹਾਨੂੰ ਚੈਰਿਟੀ ਦੇ ਕੰਮਕਾਜ ਲਈ ਕਾਫ਼ੀ ਸਮਾਂ ਅਤੇ ਤਾਕਤ ਲਾਉਣੀ ਚਾਹੀਦੀ ਹੈ, ਅਤੇ ਲੋੜੀਂਦੇ ਫ਼ੈਸਲੇ ਲੈਣ ਲਈ ਨਿਯਮਿਤ ਰੂਪ ਵਿੱਚ ਬੈਠਕਾਂ ਕਰਨੀਆਂ ਚਾਹੀਦੀਆਂ ਹਨ। ਇਹ ਕਿਸ ਤਰ੍ਹਾਂ ਕੀਤਾ ਜਾਂਦਾ ਹੈ, ਇਹ ਚੈਰਿਟੀ ਦੀਆਂ ਵੱਖ-ਵੱਖ ਕਿਸਮਾਂ ਅਤੇ ਅਕਾਰਾਂ ਲਈ ਵੱਖ-ਵੱਖ ਹੋਵੇਗਾ। |
| **What is the Charity Commission?** | **ਚੈਰਿਟੀ ਕਮਿਸ਼ਨ ਕੀ ਹੈ?** |
| **We are the independent charity regulator for England and Wales. Our job is to work with charities to ensure that they are accountable, well run and meet their legal obligations. We also aim to promote public trust and confidence in charities. Most charities must register with us, although some types of charity do not have to register. We provide a wide range of advice and guidance to charities. We produce a twice yearly newsletter which is sent to all registered charities in England and Wales and offer a number of online services via our website www.charitycommission.gov.uk. You can also read and download any of our publications and guidance from our website.** | ਅਸੀਂ ਇੰਗਲੈਂਡ ਅਤੇ ਵੇਲਜ਼ ਲਈ ਸੁਤੰਤਰ ਚੈਰਿਟੀ ਰੈਗੂਲੇਟਰ ਹਾਂ। ਸਾਡਾ ਕੰਮ ਹੈ ਇਹ ਯਕੀਨੀ ਬਣਾਉਣ ਲਈ ਚੈਰਿਟੀਆਂ ਦੇ ਨਾਲ ਕੰਮ ਕਰਨਾ ਕਿ ਉਹ ਜਵਾਬਦੇਹ ਹੋਣ, ਉਨ੍ਹਾਂ ਨੂੰ ਚੰਗੀ ਤਰ੍ਹਾਂ ਨਾਲ ਚਲਾਇਆ ਜਾਵੇ ਅਤੇ ਉਹ ਆਪਣੀਆਂ ਕਾਨੂੰਨੀ ਜ਼ਿੰਮੇਵਾਰੀਆਂ ਪੂਰੀਆਂ ਕਰਨ। ਅਸੀਂ ਚੈਰਿਟੀ ਦੇ ਵਿੱਚ ਜਨਤਾ ਦਾ ਭਰੋਸਾ ਅਤੇ ਵਿਸ਼ਵਾਸ ਵਧਾਉਣ ਦਾ ਵੀ ਟੀਚਾ ਰੱਖਦੇ ਹਾਂ। ਜ਼ਿਆਦਾਤਰ ਚੈਰਿਟੀਆਂ ਲਈ ਸਾਡੇ ਕੋਲ ਰਜਿਸਟਰ ਹੋਣਾ ਜ਼ਰੂਰੀ ਹੈ, ਹਾਲਾਂਕਿ ਕੁਝ ਕਿਸਮ ਦੀਆਂ ਚੈਰਿਟੀਆਂ ਨੂੰ ਰਜਿਸਟਰ ਹੋਣ ਦੀ ਲੋੜ ਨਹੀਂ ਹੈ। ਅਸੀਂ ਚੈਰਿਟੀਆਂ ਨੂੰ ਬਹੁਤ ਵੱਖ-ਵੱਖ ਤਰ੍ਹਾਂ ਦੀ ਸਲਾਹ ਅਤੇ ਸੇਧ ਦਿੰਦੇ ਹਾਂ। ਅਸੀਂ ਸਾਲ ਵਿੱਚ ਦੋ ਵਾਰ ਨਿਕਲਣ ਵਾਲਾ ਨਿਊਜ਼ਲੈਟਰ (ਸਮਾਚਾਰ-ਪੱਤਰ) ਪ੍ਰਕਾਸ਼ਿਤ ਕਰਦੇ ਹਾਂ ਜੋ ਕਿ ਇੰਗਲੈਂਡ ਅਤੇ ਵੇਲਜ਼ ਵਿੱਚ ਸਾਰੀਆਂ ਰਜਿਸਟਰਡ ਚੈਰਿਟੀਆਂ ਨੂੰ ਭੇਜਿਆ ਜਾਂਦਾ ਹੈ ਅਤੇ ਆਪਣੀ ਵੈਬਸਾਈਟ www.charitycommission.gov.uk ਦੇ ਰਾਹੀਂ ਕਈ ਆਨਲਾਈਨ ਸੇਵਾਵਾਂ ਪੇਸ਼ ਕਰਦੇ ਹਾਂ। ਤੁਸੀਂ ਸਾਡੀ ਵੈਬਸਾਈਟ ਤੋਂ ਵੀ ਸਾਡਾ ਕੋਈ ਵੀ ਪ੍ਰਕਾਸ਼ਨ ਅਤੇ ਸੇਧ ਪੜ੍ਹ ਸਕਦੇ ਹੋ ਅਤੇ ਡਾਊਨਲੋਡ ਕਰ ਸਕਦੇ ਹੋ। |
| **What happens if things go wrong?** | **ਜੇ ਕੁਝ ਗ਼ਲਤ ਹੋ ਜਾਵੇ ਤਾਂ ਕੀ ਹੁੰਦਾ ਹੈ?** |
| **We offer information and advice to charities on both legal requirements and best practice to help them operate as effectively as possible and to prevent problems arising. In the very few cases where serious problems occur, we have wide powers to look into them and put things right. Depending on the circumstances and the charity's governing document, trustees** | ਅਸੀਂ ਜਿੰਨਾ ਸੰਭਵ ਹੋ ਸਕੇ ਪ੍ਰਭਾਵਸ਼ਾਲੀ ਤਰੀਕੇ ਨਾਲ ਚਲਾਉਣ ਵਿੱਚ ਚੈਰਿਟੀਆਂ ਦੀ ਮਦਦ ਕਰਨ ਲਈ ਅਤੇ ਕਿਸੇ ਸਮੱਸਿਆਵਾਂ ਨੂੰ ਪੈਦਾ ਹੋਣ ਤੋਂ ਰੋਕਣ ਲਈ ਚੈਰਿਟੀਆਂ ਨੂੰ ਕਾਨੂੰਨੀ ਲੋੜਾਂ ਅਤੇ ਕੰਮ ਕਰਨ ਦੇ ਬਿਹਤਰ ਤਰੀਕਿਆਂ, ਦੋਵਾਂ ਬਾਰੇ ਜਾਣਕਾਰੀ ਅਤੇ ਸਲਾਹ ਦਿੰਦੇ ਹਾਂ। ਕੁਝ ਮਾਮਲਿਆਂ ਵਿੱਚ, ਜਿੱਥੇ ਗੰਭੀਰ ਸਮੱਸਿਆਵਾਂ ਪੈਦਾ ਹੁੰਦੀਆਂ ਹਨ, ਸਾਡੇ ਕੋਲ ਇਨ੍ਹਾਂ ਵੱਲ ਧਿਆਨ ਦੇਣ ਅਤੇ ਚੀਜ਼ਾਂ ਨੂੰ ਸਹੀ ਕਰਨ ਦੀਆਂ ਬਹੁਤ ਸਾਰੇ ਅਧਿਕਾਰ ਹਨ। ਹਾਲਾਤ |

| | |
|---|---|
| **may be personally liable for any debts or losses that the charity faces. However, personal liability of this kind is rare, and trustees who have followed the requirements summarised in this booklet will generally be protected.** | ਅਤੇ ਚੈਰਿਟੀ ਦੇ ਪ੍ਰਬੰਧਕੀ ਦਸਤਾਵੇਜ਼ 'ਤੇ ਨਿਰਭਰ ਕਰਦੇ ਹੋਏ, ਚੈਰਿਟੀ ਦੇ ਸਾਮ੍ਹਣੇ ਆਉਣ ਵਾਲੇ ਕਰਜ਼ਿਆਂ ਅਤੇ ਨੁਕਸਾਨ ਲਈ ਟ੍ਰਸਟੀ ਨਿੱਜੀ ਤੌਰ 'ਤੇ ਜ਼ਵਾਬਦੇਹ ਹੋ ਸਕਦੇ ਹਨ। ਪਰ, ਇਸ ਤਰ੍ਹਾਂ ਦੀ ਨਿੱਜੀ ਜ਼ਵਾਬਦੇਹੀ ਬਹੁਤ ਘੱਟ ਹੁੰਦੀ ਹੈ, ਅਤੇ ਜਿਨ੍ਹਾਂ ਟ੍ਰਸਟੀਆਂ ਨੇ ਇਸ ਕਿਤਾਬਚੇ ਵਿੱਚ ਦਿੱਤੀਆਂ ਲੋੜਾਂ ਦੀ ਪਾਲਣਾ ਕੀਤੀ ਹੋਵੇ, ਆਮ ਤੌਰ 'ਤੇ ਸੁਰੱਖਿਅਤ ਹੋਣਗੇ। |
| **Where can I find out more?** | **ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?** |
| This is only a summary of the responsibilities and duties of trustees and you can find out more in *The Essential Trustee: What you need to know* (order reference CC3), which contains more detailed information. To get a copy of this or any of our other publications you can: | ਇਹ ਟ੍ਰਸਟੀਆਂ ਦੀਆਂ ਜ਼ਿੰਮੇਵਾਰੀਆਂ ਅਤੇ ਫ਼ਰਜ਼ਾਂ ਦਾ ਸਿਰਫ਼ ਸਾਰ ਹੈ ਅਤੇ ਤੁਸੀਂ ਹੋਰ ਜਾਣਕਾਰੀ ਲਾਜ਼ਮੀ ਟ੍ਰਸਟੀ: *ਤੁਹਾਨੂੰ ਕੀ ਕੁਝ ਜਾਣਨ ਦੀ ਲੋੜ ਹੈ (The Essential Trustee:What you need to know)*(ਆਰਡਰ ਰੈਫ਼ਰੇਂਸ CC3) ਵਿੱਚ ਮਿਲ ਸਕਦੀ ਹੈ, ਜਿਸ ਵਿੱਚ ਵਧੇਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ ਹੈ। ਇਸਦੀ ਜਾਂ ਸਾਡੇ ਕਿਸੇ ਹੋਰ ਪ੍ਰਕਾਸ਼ਨ ਦੀ ਕਾਪੀ ਲੈਣ ਲਈ ਤੁਸੀਂ: |
| • view and print them from our website www.charitycommission.gov.uk | ਇਨ੍ਹਾਂ ਨੂੰ ਸਾਡੀ ਵੈਬਸਾਈਟ www.charitycommission.gov.uk 'ਤੇ ਦੇਖ ਸਕਦੇ ਹੋ ਅਤੇ ਪ੍ਰਿੰਟ ਕਰ ਸਕਦੇ ਹੋ |
| • order during opening hours - Monday to Friday 08:00-20:00 and 09:00-13:00 Saturdays - by phoning us on 0845 300 0218; | ਦਫ਼ਤਰ ਖੁੱਲ੍ਹਣ ਦੇ ਸਮੇਂ ਦੌਰਾਨ ਸਾਨੂੰ 0845 300 0218 'ਤੇ ਫ਼ੋਨ ਕਰਕੇ ਆਰਡਰ ਕਰ ਸਕਦੇ ਹੋ - ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 08L00 ਤੋਂ 20L00 ਵਜੇ ਤਕ ਅਤੇ ਸ਼ਨੀਵਾਰ ਨੂੰ 09L00 ਤੋਂ 13L00 ਵਜੇ ਤਕ; |
| or<br>• write to Charity Commission Direct, PO Box 1227, Liverpool, L69 3UG. | ਜਾਂ<br>ਚੈਰਿਟੀ ਕਮਿਸ਼ਨ ਨੂੰ ਸਿੱਧਾ ਇਸ ਪਤੇ 'ਤੇ ਲਿਖ ਸਕਦੇ ਹੋ: PO Box 1227, Liverpool, L69 3UG. |
| For a full list see the Publications section of our website or *Charity Commission Publications* (order code CC1). | ਪੂਰੀ ਸੂਚੀ ਲਈ ਸਾਡੀ ਵੈਬਸਾਈਟ 'ਤੇ ਪ੍ਰਕਾਸ਼ਨਾਂ ਵਾਲਾ ਸੈਕਸ਼ਨ ਜਾਂ *ਚੈਰਿਟੀ ਕਮਿਸ਼ਨ ਪ੍ਰਕਾਸ਼ਨ (Charity Commission Publications )* (ਆਰਡਰ ਰੈਫ਼ਰੇਂਸ CC1) ਦੇਖੋ। |

| | |
|---|---|
| As well as the guidance we produce, there are many other resources that trustees can use to help them carry out their duties. We encourage you to make use of the wide range of organisations that can help you run your charity as effectively as possible. Details of some of these organisations are listed in *The Essential Trustee: What you need to know*. You can also find details of other sources of information in ‘Useful links’ on the homepage of our website. | ਸਾਡੇ ਵਲੋਂ ਤਿਆਰ ਕੀਤੀ ਗਈ ਸੇਧ ਦੇ ਨਾਲ-ਨਾਲ, ਕਈ ਹੋਰ ਸ੍ਰੋਤ ਵੀ ਹਨ, ਜਿਨ੍ਹਾਂ ਨੂੰ ਟ੍ਰਸਟੀ ਆਪਣੇ ਫ਼ਰਜ਼ ਨਿਭਾਉਣ ਲਈ ਵਰਤ ਸਕਦੇ ਹਨ। ਅਸੀਂ ਤੁਹਾਨੂੰ ਉਨ੍ਹਾਂ ਬਹੁਤ ਸਾਰੇ ਸੰਗਠਨਾਂ ਦਾ ਲਾਭ ਉਠਾਉਣ ਲਈ ਪ੍ਰੇਰਿਤ ਕਰਦੇ ਹਾਂ, ਜੋ ਤੁਹਾਡੀ ਚੈਰਿਟੀ ਨੂੰ ਜ਼ਿੰਨਾ ਸੰਭਵ ਹੋ ਸਕੇ, ਪ੍ਰਭਾਵਸ਼ਾਲੀ ਤਰੀਕੇ ਨਾਲ ਚਲਾਉਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਇਨ੍ਹਾਂ ਵਿੱਚੋਂ ਕੁਝ ਸੰਗਠਨਾਂ ਬਾਰੇ ਜਾਣਕਾਰੀ *ਲਾਜ਼ਮੀ ਟ੍ਰਸਟੀ: ਤੁਹਾਨੂੰ ਕੀ ਜਾਣਨ ਦੀ ਲੋੜ ਹੈ (The Essential Trustee:What you need to know)* ਵਿੱਚ ਦਿੱਤੀ ਗਈ ਹੈ। ਤੁਹਾਨੂੰ ਸਾਡੀ ਵੈਬਸਾਈਟ ਦੇ ਹੋਮਪੇਜ 'ਤੇ 'ਉਪਯੋਗੀ ਲਿੰਕ' (Useful links) ਵਿੱਚ ਹੋਰ ਸ੍ਰੋਤਾਂ ਬਾਰੇ ਵੀ ਜਾਣਕਾਰੀ ਮਿਲ ਸਕਦੀ ਹੈ। |

| | |
|---|---|
| You can obtain large-print versions of this publication from the Charity Commission on 0845 300 0218 | ਤੁਸੀਂ 0845 300 0218 'ਤੇ ਚੈਰਿਟੀ ਕਮਿਸ਼ਨ ਤੋਂ ਇਸ ਪ੍ਰਕਾਸ਼ਨ ਦੇ ਵੱਡੇ ਅੱਖਰਾਂ ਵਾਲੇ ਰੁਪਾਂਤਰ ਹਾਸਲ ਕਰ ਸਕਦੇ ਹੋ। |
| **Charity Commission** | ਚੈਰਿਟੀ ਕਮਿਸ਼ਨ |
| **Telephone: 0845 300 0218** | ਟੈਲੀਫ਼ੋਨ: **0845 300 0218** |
| **TypeTalk: 0845 300 0219** | ਟਾਈਪਟਾਕ: **0845 300 0219** |
| **Website: www.charitycommission.gov.uk** | ਵੈਬਸਾਈਟ: **www.charitycommission.gov.uk** |
| **Original draft version by James Tickell.** | ਜੇਮਸ ਟਿੱਕਲ ਵਲੋਂ ਮੂਲ ਖਰੜੇ ਵਾਲਾ ਰੁਪਾਂਤਰ। |
| **© Crown copyright 2007. This publication may be reproduced free of charge in any format or medium provided that it is reproduced accurately and not used in a misleading context. The material must be acknowledged as Crown copyright and the title of the publication specified.** | © ਕ੍ਰਾਊਨ ਕਾਪੀਰਾਈਟ 2007। ਇਹ ਪ੍ਰਕਾਸ਼ਨ ਕਿਸੇ ਵੀ ਫ਼ਾਰਮੈਟ ਜਾਂ ਮਾਧਿਅਮ ਵਿੱਚ ਮੁਫ਼ਤ ਮੁੜ ਤਿਆਰ ਕੀਤਾ ਜਾ ਸਕਦਾ ਹੈ, ਬਸ਼ਰਤੇ ਕਿ ਇਹ ਬਿਲਕੁਲ ਸਹੀ-ਸਹੀ ਤਿਆਰ ਕੀਤਾ ਜਾਵੇ ਅਤੇ ਅਤੇ ਕਿਸੇ ਗੁਮਰਾਹ ਕਰਨ ਵਾਲੇ ਸੰਦਰਭ ਵਿੱਚ ਨਾ ਵਰਤਿਆ ਜਾਵੇ। ਸਮੱਗਰੀ 'ਤੇ ਕ੍ਰਾਊਨ ਦੇ ਕਾਪੀਰਾਈਟ ਬਾਰੇ ਦੱਸਿਆ ਜਾਣਾ ਚਾਹੀਦਾ ਹੈ ਅਤੇ ਪ੍ਰਕਾਸ਼ਨ ਦਾ ਸਿਰਲੇਖ ਦੱਸਿਆ ਜਾਣਾ ਚਾਹੀਦਾ ਹੈ। |
| **The Essential Trustee: An introduction. January 2007. CC3A** | ਲਾਜ਼ਮੀ ਟ੍ਰਸਟੀ: ਜਾਣ-ਪਛਾਣ। ਜਨਵਰੀ 2007H CC3A |